# ਭਗਤ ਰਵਿਦਾਸ - ਸਬਦ ੨੬

## ਜੋ ਦਿਨ ਆਵਹਿ ਸੋ ਦਿਨ ਜਾਹੀ ॥

### ਰਾਗੁ ਸੂਹੀ, ਭਗਤ ਰਵਿਦਾਸ, ਗੁਰੂ ਗ੍ਰੰਥ ਸਾਹਿਬ, ੭੯੩

ਜੋ ਦਿਨ ਆਵਹਿ ਸੋ ਦਿਨ ਜਾਹੀ ॥
ਕਰਨਾ ਕੂਚੁ ਰਹਨੁ ਥਿਰੁ ਨਾਹੀ ॥
ਸੰਗੁ ਚਲਤ ਹੈ ਹਮ ਭੀ ਚਲਨਾ ॥
ਦੂਰਿ ਗਵਨੁ ਸਿਰ ਊਪਰਿ ਮਰਨਾ ॥੧॥
ਕਿਆ ਤੂ ਸੋਇਆ ਜਾਗੁ ਇਆਨਾ ॥
ਤੈ ਜੀਵਨੁ ਜਗਿ ਸਚੁ ਕਰਿ ਜਾਨਾ ॥੧॥ ਰਹਾਉ ॥
ਜਿਨਿ ਜੀਉ ਦੀਆ ਸੁ ਰਿਜਕੁ ਅੰਬਰਾਵੈ ॥
ਸਭ ਘਟ ਭੀਤਰਿ ਹਾਟੁ ਚਲਾਵੈ ॥
ਕਰਿ ਬੰਦਿਗੀ ਛਾਡਿ ਮੈ ਮੇਰਾ ॥
ਹਿਰਦੈ ਨਾਮੁ ਸਮ੍ਾਰਿ ਸਵੇਰਾ ॥੨॥
ਜਨਮੁ ਸਿਰਾਨੋ ਪੰਥੁ ਨ ਸਵਾਰਾ ॥
ਸਾਂਝ ਪਰੀ ਦਹ ਦਿਸ ਅੰਧਿਆਰਾ ॥
ਕਹਿ ਰਵਿਦਾਸ ਨਿਦਾਨਿ ਦਿਵਾਨੇ ॥
ਚੇਤਸਿ ਨਾਹੀ ਦੁਨੀਆ ਫਨ ਖਾਨੇ ॥੩॥੨॥

ਸਾਰ: ਅਸੀਂ ਤਰਤੀਬਾਂ ਬਣਾਉਂਦੇ, ਨਿਰਣੇ ਲੈਂਦੇ, ਆਪਣੇ ਕਰਮਾਂ ਦਾ ਸਿਹਰਾ ਆਪਣੇ ਸਿਰ ਬੰਨ੍ਹਦੇ ਹੋਏ ਚਲਦੇ ਜਾਂਦੇ ਹਾਂ, ਪਰ ਸਾਡੀ ਯਾਤਰਾ ਦਾ ਇਕ ਵੱਡਾ ਭਾਗ ਸਾਡੇ ਨਿਯੰਤਰਣ ਤੋਂ ਬਾਹਰੀ ਤਾਕਤਾਂ ਦੁਆਰਾ ਤ੍ਰਾਸ਼ਿਆ ਜਾਂਦਾ ਹੈ, ਜਿਵੇਂ ਕਿ ਸਾਹ ਲੈਣਾ, ਜਨਮ ਅਤੇ ਮੌਤ। ਇਸ ਨੂੰ ਪਛਾਣਨ ਨਾਲ ਸਾਡੇ ਦ੍ਰਿਸ਼ਟੀਕੋਣ ਵਿਚ ਰੁਪਾਂਤ੍ਰਣ ਆ ਸਕਦਾ ਹੈ ਅਤੇ ਹਉਮੈ ਰਹਿਤ ਸਪੱਸ਼ਟਤਾ ਵੀ ਸਾਡੇ ਦਰ ਦੇ ਦਸਤਕ ਦਿੰਦੀ ਹੈ। ਜਿਵੇਂ-ਜਿਵੇਂ ਅਸੀਂ ਇਕਾਗਰਤਾ ਵੱਲ ਵਧਦੇ ਹਾਂ, ਅਸੀਂ ਦੇਖਦੇ ਹਾਂ ਕਿ ਸਾਡੇ ਉਦਮ ਕੀਮਤੀ ਹੁੰਦੇ ਹੋਏ, ਤਣਾਅ ਦਾ ਬੋਝ ਹਲਕਾ ਕਰਦੇ ਜਾਂਦੇ ਹਨ। ਪ੍ਰਾਪਤੀਆਂ ਮਹੱਤਵਪੂਰਨ ਰਹਿੰਦੀਆਂ ਹਨ, ਪਰ ਅਸੀਂ ਆਪਣਾ

ਆਪ ਜਣਾਉਣ ਲਈ ਹੰਕਾਰ ਦਾ ਸਹਾਰਾ ਨਹੀਂ ਲੈਂਦੇ; ਇਸ ਦੀ ਬਜਾਏ, ਅਸੀਂ ਉਸ ਅਦਿੱਖ ਬਿਬੇਕ ਦੀ ਕਦਰ ਕਰਦੇ ਹਾਂ ਜੋ ਸਾਨੂੰ ਸਾਰਿਆਂ ਨਾਲ ਜੋੜਦਾ ਹੈ। ਇਹ ਸੂਝ ਸ਼ਾਂਤੀ ਦੀ ਇਕ ਗੂੜ੍ਹ ਭਾਵਨਾ ਨੂੰ ਉਤਸ਼ਾਹਿਤ ਕਰਦੀ ਹੈ ਜੋ ਪਲ ਭਰ ਦੀਆਂ ਭਾਵਨਾਵਾਂ ਤੋਂ ਸਥਾਈ ਸ਼ਾਂਤੀ ਵਿਚ ਵਿਕਸਤ ਹੁੰਦੀ ਹੈ।

ਜੋ ਦਿਨ ਆਵਹਿ ਸੋ ਦਿਨ ਜਾਹੀ ॥

ਜੋ ਦਿਨ ਆਉਂਦਾ ਹੈ, ਉਹ ਢਲ ਜਾਂਦਾ ਹੈ। ਇਹ ਕੁਦਰਤੀ ਪ੍ਰਗਤੀ ਸਮੇਂ ਦੇ ਅਸਥਾਈ ਸੁਭਾਅ ਅਤੇ ਭੌਤਿਕ ਸੰਸਾਰ ਦੀਆਂ ਛਿੰਨ-ਭੰਗਰ ਹੈਰਾਨਮਈ ਹਕੀਕਤਾਂ ਨੂੰ ਉਜਾਗਰ ਕਰਦੀ ਹੈ, ਜੋ ਸਾਨੂੰ ਹਰ ਪਲ ਦੀ ਕਦਰ ਕਰਨ ਦੀ ਯਾਦ ਦਿਵਾਉਂਦੀ ਹੈ।

ਕਰਨਾ ਕੂਚੁ ਰਹਨੁ ਥਿਰੁ ਨਾਹੀ ॥

ਵਿਦਾਇਗੀ ਅਟੱਲ ਹੈ; ਕੁਝ ਵੀ ਸਥਾਈ ਤੌਰ 'ਤੇ ਸਥਿਰ ਨਹੀਂ ਰਹਿੰਦਾ। ਜਿਸ ਰੂਪ ਵਿਚ ਸਾਡਾ ਭੌਤਿਕ ਸੰਸਾਰ ਨਿਰੰਤਰ ਬਦਲ ਰਿਹਾ ਹੈ, ਇਹ ਹਕੀਕਤ ਉਸੇ ਰੂਪ ਵਿਚ ਸਾਡੇ ਵਿਚਾਰਾਂ ਦੇ ਵਿਕਾਸ ਨੂੰ ਅਪਣਾਉਣ ਦੀ ਮਹੱਤਤਾ ਨੂੰ ਉਜਾਗਰ ਕਰਦੀ ਹੈ।

ਸੰਗੁ ਚਲਤ ਹੈ ਹਮ ਭੀ ਚਲਨਾ ॥

ਸਾਡੇ ਸਾਥੀ ਜਾ ਰਹੇ ਹਨ, ਅਤੇ ਸਾਨੂੰ ਵੀ ਜਾਣਾ ਚਾਹੀਦਾ ਹੈ। ਇਹ ਭਾਵ ਭੌਤਿਕ ਹੋਂਦ ਦੀ ਨਾਸ਼ਵਾਨਤਾ ਨੂੰ ਸਵੀਕਾਰ ਕਰਦਾ ਹੈ; ਦੂਜਿਆਂ ਨੂੰ ਕੂਚ ਕਰਦੇ ਦੇਖ ਸਮੇਂ ਦੇ ਨਾਲ ਸਾਡੀ ਆਪਣੀ ਚਲ ਰਹੀ ਯਾਤਰਾ ਦੀ ਯਾਦ ਦਿਵਾਉਂਦਾ ਹੈ।

ਦੂਰਿ ਗਵਨੁ ਸਿਰ ਊਪਰਿ ਮਰਨਾ ॥੧॥

ਸਾਡੀ ਯਾਤਰਾ ਬਹੁਤ ਲੰਮੇਰੀ ਹੈ, ਸਾਡੇ ਉੱਤੇ ਮੌਤ ਮੰਡਰਾ ਰਹੀ ਹੈ। ਇਹ ਭਾਵ ਵਿਕਾਸ ਲਈ ਸਾਡੇ ਨਾ-ਮਾਤਰ ਉਦਮ ਦਾ ਪ੍ਰਤੀਕ ਹੈ, ਜੋ ਸਾਡੀ ਹੋਂਦ ਦੀ ਅਟੱਲਤਾ ਨੂੰ ਜਾਣਨ ਦੇ ਬਾਵਜੂਦ, ਜਾਗਰੂਕਤਾ ਵੱਲ ਸਾਡੀ ਯਾਤਰਾ ਨੂੰ ਲੰਮੇਰਾ ਬਣਾਉਂਦਾ ਹੈ। (੧)

ਕਿਆ ਤੂ ਸੋਇਆ ਜਾਗੁ ਇਆਨਾ ॥

ਹੇ ਅਗਿਆਨੀ ਮਨ, ਜਾਗ, ਤੂੰ ਕਿਉਂ ਸੁੱਤਾ ਪਿਆ ਹੈਂ? ਇਹ ਕਰਮ ਕਰਨ ਲਈ ਇਕ ਮਹੱਤਵਪੂਰਨ ਸੱਦ ਹੈ, ਜੋ ਸਾਨੂੰ ਅਗਿਆਨਤਾ ਅਤੇ ਸਵੈ-ਧੋਖੇ ਦੀ ਨੀਂਦ ਤੋਂ ਉਠਾਉਣ ਦੀ ਤਾਕੀਦ ਕਰਦੀ ਹੈ।

ਤੈ ਜੀਵਨੁ ਜਗਿ ਸਚੁ ਕਰਿ ਜਾਨਾ ॥੧॥ ਰਹਾਉ ॥

ਤੁਸੀਂ ਗਲਤੀ ਨਾਲ ਇਸ ਸੰਸਾਰਿਕ ਜੀਵਨ ਨੂੰ ਅੰਤਮ ਹਕੀਕਤ ਵਜੋਂ ਸਵੀਕਾਰ ਕਰ ਲਿਆ ਹੈ। ਇਹ ਭਾਵ ਪਲ ਭਰ ਦੇ ਭਰਮਾਂ ਨੂੰ ਸੱਚ ਮੰਨਣ ਦੀ ਬੁਨਿਆਦੀ ਗਲਤ ਸੋਚ ਦੀ ਪਛਾਣ ਕਰਦਾ ਹੈ। (੧)(ਠਹਿਰਾਉ)

ਜਿਨਿ ਜੀਉ ਦੀਆ ਸੁ ਰਿਜਕੁ ਅੰਬਰਾਵੈ ॥

ਜੀਵਨ ਰੂਪ ਵਿਚ ਪ੍ਰਗਟ ਹੋਣ ਵਾਲੀ ਰਚਨਾਤਮਕ ਊਰਜਾ ਇਸਦੀ ਪਾਲਣਾ ਨੂੰ ਵੀ ਯਕੀਨੀ ਬਣਾਉਂਦੀ ਹੈ। ਇਹ ਭਾਵ ਦਰਸਾਉਂਦਾ ਹੈ ਕਿ ਇਕੱਤਰ ਕਰਨ ਦਾ ਵਿਚਾਰ ਬੇਲੋੜਾ ਹੈ ਅਤੇ ਬ੍ਰਹਿਮੰਡ ਦੇ ਵੱਡੀ ਭਲਾਈ ਦੇ ਉਲਟ ਹੈ।

ਸਭ ਘਟ ਭੀਤਰਿ ਹਾਟੁ ਚਲਾਵੈ ॥

ਹੋਂਦ ਦੇ ਹਰ ਪਾਸੇ, ਰਚਨਾਤਮਕ ਊਰਜਾ ਇਕ ਵਪਾਰ ਚਲਾ ਰਹੀ ਹੈ। ਇਹ ਭਾਵ ਯਾਦ ਦਿਵਾਉਂਦਾ ਹੈ ਕਿ ਸਾਡੀ ਹਉਮੈ ਨੂੰ ਨਿਯੰਤਰਣ ਕਰਨ ਵਾਲੇ ਦਾਅਵਿਆਂ ਦੇ ਹੇਠਾਂ ਨਿੱਜੀ ਇੱਛਾ ਸ਼ਕਤੀ ਨਾਲੋਂ ਵੀ ਗੂੜ੍ਹ ਵਸਤ ਦਾ ਵਾਸਾ ਹੈ, ਜੋ ਸਾਡੇ ਸਾਹਾਂ ਦੀ ਤਰ੍ਹਾਂ ਕੀਮਤੀ ਹੈ।

ਕਰਿ ਬੰਦਿਗੀ ਛਾਡਿ ਮੈ ਮੇਰਾ ॥

"ਮੈਂ" ਅਤੇ "ਮੇਰਾ" ਨੂੰ ਛੱਡਦਿਆਂ ਸ਼ਰਧਾ ਦੇ ਧਾਰਨੀ ਬਣੋ। ਇਹ ਰੁਪਾਂਤ੍ਰਣ ਸ਼ਰਧਾ ਨੂੰ ਰਸਮੀ ਵਰਤਾਰੇ ਨਾਲੋਂ, ਹਉਮੈ-ਸੰਚਾਲਿਤ ਮਲਕੀਅਤ ਦੀ ਭਾਵਨਾ ਅਤੇ ਸਵੈ-ਮਹੱਤਤਾ ਦੇ ਪ੍ਰਭਾਵ ਨੂੰ ਛੱਡਣ ਲਈ ਰਾਹ ਖੋਲਦਾ ਹੈ।

ਹਿਰਦੈ ਨਾਮੁ ਸਮ੍ਾਰਿ ਸਵੇਰਾ ॥੨॥

ਆਪਣੇ ਅੰਤਹਕਰਣ ਵਿਚ, ਚਿੰਤਨ ਨੂੰ ਪਹੁ-ਫੁਟਾਲੇ ਵਾਂਗ ਬਣਾ ਕੇ ਰੱਖੋ। ਇਹ ਪ੍ਰਤੀਕਾਤਮਕ ਭਾਵ ਦਰਸਾਉਂਦਾ ਹੈ ਕਿ ਜਦੋਂ ਵੀ ਉਲਝਣ ਤੋਂ ਬਾਅਦ ਸਪੱਸ਼ਟਤਾ ਦੁਬਾਰਾ ਪ੍ਰਗਟ ਹੁੰਦੀ ਹੈ, ਤਾਂ ਇਸਨੂੰ ਸੱਜਰੀ ਸਵੇਰ ਦੇ ਰੂਪ ਵਿਚ ਦੇਖਿਆ ਜਾ ਸਕਦਾ ਹੈ, ਜੋ ਹਨੇਰੇ ਤੋਂ ਬਾਅਦ ਰੌਸ਼ਨੀ ਲਿਆਉਂਦੀ ਹੈ। (੨)

ਜਨਮੁ ਸਿਰਾਨੋ ਪੰਥੁ ਨ ਸਵਾਰਾ ॥

ਜ਼ਿੰਦਗੀ ਆਪਣੇ ਆਖਰੀ ਪਲਾਂ 'ਤੇ ਹੈ, ਪਰ ਜੀਵਨ ਸ਼ੈਲੀ ਵਿਚ ਕੋਈ ਸੁਧਾਰ ਨਹੀਂ ਹੋਇਆ। ਇਹ ਭਾਵ ਉਸ ਖੁੰਝੇ ਅਵਸਰ ਨੂੰ ਦਰਸਾਉਂਦਾ ਹੈ, ਜਦੋਂ ਅਸੀਂ ਅੰਤਰੀਵੀ ਝਾਤ ਦੀ ਬਜਾਏ ਬਾਹਰੀ ਸੰਸਾਰ 'ਤੇ ਧਿਆਨ ਕੇਂਦਰਿਤ ਕਰਦੇ ਹੋਏ ਆਪਣੇ ਰੂਹਾਨੀ ਵਿਗਾਸ ਨੂੰ ਰੋਕ ਲੈਂਦੇ ਹਾਂ।

ਸਾਂਝ ਪਰੀ ਦਹ ਦਿਸ ਅੰਧਿਆਰਾ ॥

ਸ਼ਾਮ ਪੈ ਗਈ ਹੈ, ਅਤੇ ਦਸਾਂ ਦਿਸ਼ਾਵਾਂ ਵਿਚ ਹਨੇਰਾ ਪਸਰ ਚੁੱਕਾ ਹੈ। ਇਹ ਭਾਵ ਆਉਣ ਵਾਲੇ ਅੰਤਲੇ ਸਮੇਂ ਦੀ ਯਾਦ ਦਿਵਾਉਂਦਾ ਹੈ, ਅਤੇ ਜਾਗਰੂਕਤਾ ਦੀ ਘਾਟ, ਅਨਿਸ਼ਚਿਤਤਾ, ਡਰ ਅਤੇ ਉਲਝਣ ਪੈਦਾ ਕਰਦੀ ਹੈ।

ਕਹਿ ਰਵਿਦਾਸ ਨਿਦਾਨਿ ਦਿਵਾਨੇ ॥

ਰਵਿਦਾਸ ਕਹਿੰਦੇ ਹਨ, ਅਗਿਆਤ ਅਤੇ ਭਟਕਿਆ ਹੋਇਆ ਮਨ, ਇਕ ਅਜਿਹੀ ਮਨੁੱਖੀ ਅਵਸਥਾ ਨੂੰ ਦਰਸਾਉਂਦਾ ਹੈ ਜੋ ਸਵੈ-ਜਾਗਰੂਕਤਾ ਦੀ ਘਾਟ ਅਤੇ ਨਿੱਜੀ ਵਿਕਾਸ ਅਤੇ ਗਿਆਨ 'ਤੇ ਧਿਆਨ ਕੇਂਦਰਿਤ ਕਰਨ ਵਿਚ ਅਸਮਰੱਥ ਹੋਵੇ।

ਚੇਤਸਿ ਨਾਹੀ ਦੁਨੀਆ ਫਨ ਖਾਨੇ ॥੩॥੨॥

ਤੁਹਾਨੂੰ ਅਜੇ ਵੀ ਇਹ ਅਹਿਸਾਸ ਨਹੀਂ ਹੈ ਕਿ ਇਹ ਸੰਸਾਰ ਨਾਸ਼ਵਾਨ ਘਰ ਦੀ ਤਰ੍ਹਾਂ ਹੈ। ਇਹ ਲਗਾਵ ਨਾ ਛੱਡਣ ਵਾਲੀ ਅਸਫ਼ਲਤਾ ਨੂੰ ਉਜਾਗਰ ਕਰਦਾ ਹੈ, ਜੋ ਕਿ ਦੁੱਖ ਦੀ ਮੂਲ ਪ੍ਰਵਿਰਤੀ ਹੈ। (੩)(੨)

ਤੱਤ: ਭਗਤ ਰਵਿਦਾਸ ਸਾਨੂੰ ਆਪਣੇ ਅੰਦਰ ਸੂਖਮ ਜਾਗਰੂਕਤਾ ਨੂੰ ਅਪਣਾਉਣ ਲਈ ਉਤਸ਼ਾਹਿਤ ਕਰਦੇ ਹਨ। ਜੇਕਰ ਅਸੀਂ ਆਪਣੇ ਅੰਤਹਕਰਣ ਵੱਲ ਝਾਤ ਮਾਰੀਏ ਤਾਂ ਸਪੱਸ਼ਟਤਾ ਦਾ ਉਭਾਰ ਹੋ ਸਕਦਾ ਹੈ;

ਨਹੀਂ ਤਾਂ, ਇਸਨੂੰ ਆਸਾਨੀ ਨਾਲ ਨਜ਼ਰਅੰਦਾਜ਼ ਕੀਤਾ ਜਾ ਸਕਦਾ ਹੈ। ਉਹ ਸਮੇਂ ਦੀ ਛਿੰਨ-ਭੰਗਰ ਪ੍ਰਵਿਰਤੀ 'ਤੇ ਜ਼ੋਰ ਦਿੰਦੇ ਹੋਏ, ਸਾਨੂੰ ਯਾਦ ਦਿਵਾਉਂਦੇ ਹਨ ਕਿ ਜੀਵਨ ਹਮੇਸ਼ਾ ਗਤੀ ਵਿਚ ਰਹਿੰਦਾ ਹੈ ਅਤੇ ਅਸੀਂ ਅਸਲ ਵਿਚ ਕੁਝ ਵੀ ਸੰਭਾਲ ਕੇ ਨਹੀਂ ਰੱਖ ਸਕਦੇ, ਕਿਉਂਕਿ ਸਾਡੀ ਦੇਹ ਦੀ ਵਿਦਾਇਗੀ ਹੋਂਦ ਦਾ ਇਕ ਅਨਿੱਖੜਵਾਂ ਅੰਗ ਹੈ। ਜਿਸਨੂੰ ਅਸੀਂ ਅਕਸਰ ਸੁਰੱਖਿਆ ਦੇ ਰੂਪ ਵਿਚ ਇਕੱਤਰ ਕਰਦੇ ਹਾਂ, ਅਸਲ ਵਿਚ, ਉਹ  ਬੋਝ ਬਣ ਸਕਦਾ ਹੈ। ਅਰਥ ਭਰਪੂਰ ਰੁਪਾਂਤ੍ਰਣ ਉਦੋਂ ਹੁੰਦਾ ਹੈ ਜਦੋਂ ਅਸੀਂ ਹਉਮੈ-ਕੇਂਦ੍ਰਿਤ ਲਗਾਵ ਤੋਂ ਅੰਤਰੀਵੀ-ਕੇਂਦ੍ਰਿਤ ਇਕਾਗਰਤਾ ਵੱਲ ਪਰਤਦੇ ਹਾਂ। ਖੁੱਲ੍ਹੇਪਨ ਦੀ ਇਸ ਅਵਸਥਾ ਵਿਚ, ਜੀਵਨ ਨਾ ਤਾਂ ਜ਼ੋਰ ਨਾਲ ਫੜਨ ਅਤੇ ਨਾ ਹੀ ਛੱਡਣ ਵਾਲੀ ਵਸਤ ਬਣ ਜਾਂਦਾ ਹੈ; ਇਸ ਦੀ ਬਜਾਏ, ਇਹ ਸਾਨੂੰ ਹਰ ਪਲ ਨੂੰ ਸਪਸ਼ਟਤਾ ਅਤੇ ਸਥਿਰਤਾ ਨਾਲ ਉਸ ਰੂਪ ਵਿਚ ਮਾਨਣ ਲਈ ਸੱਦਾ ਦਿੰਦਾ ਹੈ ਜਿਸ ਰੂਪ ਵਿਚ ਇਹ ਸਹਿਜ ਸੁਭਾਏ ਪ੍ਰਗਟ ਹੁੰਦਾ ਹੈ।

---

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**
ਵੈੱਬਸਾਈਟ: **OnenessInDiversity.com**

ਈਮੇਲ: **onenessindiversityfoundation@gmail.com**